## ਸਕੂਲਾਂ ਵੱਲੋਂ ਪੁੱਛੇ ਜਾਣ ਵਾਲੇ ਪ੍ਰਸਨਾਂ ਦੇ ਉੱਤਰ

ਪ੍ਰਸਨ ਨੰ:1 ਕੀ ਆਧਾਰ ਕਾਰਡ ਹੋਣਾ ਲਾਜਮੀ ਹੈ?

ਉੱਤਰ : ਆਧਾਰ ਕਾਰਡ ਹਰ ਸਕੀਮ ਵਿੱਚ ਲਾਜ਼ਮੀ ਕੀਤਾ ਗਿਆ ਹੈ, ਪ੍ਰੰਤੂ ਜਿੰਨ੍ਹਾਂ ਵਿਦਿਆਰਥੀਆਂ ਦੇ ਆਧਾਰ ਨਹੀਂ ਹਨ, ਨੂੰ ਆਧਾਰ ਬਣਾਉਣ ਲਈ ਵਿਦਿਆਰਥੀਆਂ ਦੀਆਂ ਲਿਸਟਾਂ ਬਣਾ ਕੇ ਜਿਲ੍ਹਾ ਸਿੱਖਿਆ ਅਫਸਰ ਅਤੇ MIS co-ordinator ਨੂੰ ਦੱਸਿਆ ਜਾਵੇ ਤਾਂ ਜੋ ਤੁਰੰਤ ਕੈਂਪ ਲਗਾ ਕੇ ਆਧਾਰ ਬਣਾਏ ਜਾ ਸਕਣ। ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ ਤੇ ਕੈਂਪ ਲਗਾਏ ਜਾਣਗੇ, ਜਿਸ ਵਿੱਚ ਜਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦਫਤਰ ਅਤੇ ਵੈਬਸਾਈਟ ਤੇ ਪਾਈਆਂ ਕੰਪਨੀਆਂ ਦੇ ਸਹਿਯੋਗ ਨਾਲ ਸਕਾਲਰਸਿਪ ਭਰਨ ਸਮੇਂ ਵਿਦਿਆਰਥੀ ਜਿਹੜੇ ਕਿਸੇ ਵੀ ਸਕੀਮ ਅਧੀਨ ਆਉਂਦੇ ਹਨ, ਨੂੰ ਸਮਾਂ ਦੇ ਕੇ ਆਧਾਰ ਬਣਾਉਣ ਵਿੱਚ ਸਹਾਇਤਾ ਕੀਤੀ ਜਾਵੇ, ਕਿਉਂਕਿ ਵਜੀਫੇ ਦੀਆਂ ਸਕੀਮਾਂ ਵਿੱਚ ਆਧਾਰ ਭਰਵਾਉਣਾ ਜਰੂਰੀ ਵੀ ਹੈ ਅਤੇ ਵਿਦਿਆਰਥੀ ਨੂੰ ਇਸ ਲਾਭ ਤੋਂ ਵਾਂਝੇ ਨਾ ਰੱਖਣ ਲਈ ਆਧਾਰ ਕਾਰਡ ਬਣਾਉਣ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੈ।

ਪ੍ਰਸਨ ਨ: 2 ਜੇਕਰ ਕਿਸੇ ਵੀ ਵਿਦਿਆਰਥੀ ਦਾ ਆਧਾਰ ਬਣਾਉਣ ਲਈ ਲੋੜੀਂਦੇ ਦਸਤਾਵੇਜ ਨਹੀਂ ਹਨ?

ਉੱਤਰ ਸਕੂਲ ਦੇ ਲੈਟਰ ਹੈੱਡ ਤੇ ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਜਨਮ ਮਿਤੀ ਅਤੇ ਘਰ ਦਾ ਪਤਾ ਦਿੱਤਾ ਜਾਵੇ ਤਾਂ ਵਿਦਿਆਰਥੀ ਮੁੱਖੀ ਦੇ ਹਸਤਾਖਰ ਨਾਲ ਆਧਾਰ ਕਾਰਡ ਬਣਾਉਣ ਦੇ ਯੋਗ ਸਮਝਿਆ ਜਾਵੇਗਾ। ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸਕਲ ਪੇਸ ਹੁੰਦੀ ਹੈ ਤਾਂ ਵੈਬਸਾਈਟ ਤੇ ਪਾਏ ਆਪਣੇ ਜਿਲ੍ਹੇ ਨੂੰ UIDAI ਵਿਭਾਗ ਦੇ ਨੁਮਾਇੰਦੇ ਨਾਲ ਸੰਪਰਕ ਕੀਤਾ ਜਾਵੇ।

ਪ੍ਰਸਨ ਨੰ: 3 ਕੀ ਆਧਾਰ ਨੰਬਰ ਨਾ ਹੋਣ ਤੇ ਇਨਰੋਲਮੈਂਟ ਨੰਬਰ ਭਰਿਆ ਜਾ ਸਕਦਾ ਹੈ?

ਉੱਤਰ ਆਧਾਰ ਨੰਬਰ ਨਾ ਹੋਣ ਤੇ ਤੁਰੰਤ ਆਧਾਰ ਬਣਾ ਕੇ ਇਨਰੋਲਮੈਂਟ ਆਈ.ਡੀ ਭਰ ਦਿੱਤਾ ਜਾਵੇ, ਤਾਂ ਜੋ ਕੋਈ ਵੀ ਵਿਦਿਆਰਥੀ ਵਜੀਫੇ ਦਾ ਲਾਭ ਲੈਣ ਤੋਂ ਵਾਂਝਾ ਨਾ ਰਹਿ ਜਾਵੇ ਅਤੇ ਇਸ ਦੀ ਪੂਰੀ ਜਿੰਮੇਵਾਰੀ ਸਕੂਲ ਦੇ ਪ੍ਰਿੰਸੀਪਲ ਦੀ ਹੋਵੇਗੀ। ਯਾਦ ਰਹੇ ਆਧਾਰ ਨੰਬਰ ਭਰਨ ਤੋਂ ਪਹਿਲਾਂ ਕਾਰਡ ਦੀ ਫੋਟੋਕਾਪੀ ਲਗਾਈ ਜਾਵੇ ਜੋ ਕਿ 12 ਅੰਕਾਂ ਦਾ ਹੋਣਾ ਲਾਜਮੀ ਹੈ, ਈ-ਆਈ.ਡੀ ਨੰਬਰ 28 ਅੰਕਾਂ ਦਾ ਹੋਣਾ ਲਾਜਮੀ ਹੈ।

ਪ੍ਰਸਨ ਨੰ: 4 ਕੀ ਵਿਦਿਆਰਥੀਆਂ ਦਾ ਅਕਾਊਂਟ ਆਪਣੇ ਨਾਂ ਤੇ ਹੋਣਾ ਜਰੂਰੀ ਹੈ?

ਉੱਤਰ ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਆਪਣੇ ਮਾਪਿਆਂ ਦੇ ਨਾਂ ਤੇ ਬੈਂਕ ਅਕਾਊਂਟ ਵਰਤ ਸਕਦੇ ਹਨ, ਤਾਂ ਸਕੀਮ ਵਿੱਚ ਪੁੱਛੇ ਜਾਣ ਤੇ ਜੁਆਇੰਟ ਅਕਾਊਂਟ ਸੋਅ

ਕਰਦਾ ਹੈ। 9ਵੀ ਤੋਂ 12ਵੀ ਦੇ ਵਿਦਿਆਰਥੀਆਂ ਦਾ ਅਕਾਊਂਟ ਆਪਣੇ ਨਾਂ ਤੇ ਹੋਣਾ ਲਾਜਮੀ ਹੈ।

ਪ੍ਰਸਨ ਨੰ: 5 ਆਧਾਰ ਨੂੰ ਲਾਜਮੀ ਕਰਨ ਦਾ ਕਾਰਨ ਕੀ ਹੈ?

ਉੱਤਰ ਸਾਲ 2012 ਤੋਂ ਆਨ ਲਾਈਨ ਹੋਣ ਕਾਰਨ ਜੋ ਧਿਆਨ ਵਿੱਚ ਆਇਆ ਹੈ ਕਿ ਵਿਦਿਆਰਥੀਆਂ ਨੇ ਦੋ ਸਕੀਮਾਂ ਅਤੇ ਦੋ ਸੰਸਥਾਵਾਂ ਵਿੱਚ ਅਪਲਾਈ ਕਰਕੇ ਬੈਨੀਫਿਟ ਲਿਆ ਹੈ, ਇਸਲਈ ਡੁਪਲੀਕੇਸੀ ਹਟਾਉਣ ਲਈ ਆਧਾਰ ਲਾਜਮੀ ਕੀਤਾ ਗਿਆ ਹੈ,ਪਰੰਤੂ ਆਧਾਰ ਦੇ ਕਾਰਨ ਕਿਸੇ ਵੀ ਵਿਦਿਆਰਥੀ ਨੂੰ ਲਾਭ ਤੋਂ ਵਾਝਾਂ ਨਾਂ ਰੱਖਿਆ ਜਾਵੇ ਅਤੇ ਆਧਾਰ ਬਣਾਉਣ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੈ।

ਪ੍ਰਸਨ ਨੰ: 6 ਮਨਿਓਰਟੀ ਸਕੀਮ ਵਿੱਚ ਕਿਹੜੀਆਂ ਜਾਤਾਂ ਨੂੰ ਵਜੀਫਾ ਦੇਣਾ ਹੈ?

ਉੱਤਰ ਭਾਰਤ ਸਰਕਾਰ ਵੱਲੋਂ 6 ਜਾਤਾਂ ਜੋ ਪੰਜਾਬ ਵਿੱਚ Eligble ਹਨ, ਨੂੰ ਵਜੀਫਾ ਦਿੱਤਾ ਜਾਣਾ ਹੈ। ਸਿੱਖ, ਮੁਸਲਮਾਨ, ਬੁੱਧ, ਪਾਰਸੀ, ਜੈਨ ਅਤੇ ਇਸਾਈ ਤੋਂ ਇਲਾਵਾ ਜੇਕਰ ਕੋਈ ਵਿਦਿਆਰਥੀ ਆਪਣੀ ਦੱਸੀ ਜਾ ਰਹੀ ਜਾਤ ਤੋਂ ਸੈਂਕਸਨ ਕਰਨ ਵਾਲੇ ਸਕੂਲ ਮੁੱਖੀ ਨੂੰ ਇਹ ਜਾਪੇ ਕਿ ਵਿਦਿਆਰਥੀ ਦੀ ਦੱਸੀ ਜਾਣ ਵਾਲੀ ਜਾਤ ਨਾਲ ਮੈਚ ਨਾ ਕਰ ਰਿਹਾ ਹੋਵੇ ਤਾਂ ਉਸ ਤੋਂ ਸਵੈ-ਘੋਸਨਾ (Baptism) ਸਰਟੀਫਿਕੇਟ ਲਿਆ ਜਾਵੇ। (ਜੋ ਨੱਥੀ ਹੈ)

ਪ੍ਰਸਨ ਨੰ:7 ਮਨਿਓਰਿਟੀ ਸਕੀਮ ਵਿੱਚ ਫੀਸ ਕਿੰਨੀ ਲਈ ਜਾਣੀ ਹੈ?

ਉੱਤਰ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਤੋਂ 1 ਤੋਂ 8ਵੀਂ ਜਮਾਤ ਤੱਕ ਕੋਈ ਫੀਸ ਨਹੀਂ ਲਈ ਜਾਂਦੀ ਸਰਕਾਰੀ/ ਪ੍ਰਾਈਵੇਟ ਸਕੂਲਾਂ ਵਿੱਚ ਦਾਖਲਾ ਫੀਸ ਤੇ ਟਿਊਸਨ ਫੀਸ ਵੱਧ ਤੋਂ ਵੱਧ ਸਕੀਮ ਅਧੀਨ ਦਰਸਾਈ ਪ੍ਰੰਤੂ ਅਸਲ ਲਈ ਜਾ ਰਹੀ ਹੈ, ਲਈ ਕਲੇਮ ਭੇਜਿਆ ਜਾਵੇਗਾ। ਐਡਮੀਸਨ ਫੀਸ ਅਤੇ ਟਿਊਸਨ ਫੀਸ ਭਾਰਤ ਸਰਕਾਰ ਵਲੋ ਪਹਿਲਾਂ ਤੋ ਹੀ ਫਿਕਸ ਕੀਤੀ ਗਈ ਹੈ ।

ਪ੍ਰਸਨ ਨੰ: 8 ਪ੍ਰੀ-ਮੈਟ੍ਰਿਕ ਮਨਿਓਰਿਟੀ ਵਿੱਚ ਐਡਮੀਸਨ ਫੀਸ/ਟਿਊਸਨ ਫੀਸ ਕਿੰਨੀ ਭਰਨੀ ਹੈ?

ਉੱਤਰ ਪ੍ਰੀ-ਮੈਟ੍ਰਿਕ ਮਨਿਓਰਿਟੀ ਵਿੱਚ ਸਕੀਮ ਅਪਡੇਟ ਕਰਨ ਉਪਰੰਤ ਐਡਮੀਸਨ ਫੀਸ/ਟਿਊਸਨ ਫੀਸ ਦਾ ਡਾਟਾ ਖੁੱਲਣ ਤੇ ਜੋ ਅਸਲ ਫੀਸ/ ਐਡਮੀਸਨ ਫੀਸ ਦੋਵਾਂ ਵਿੱਚ ਲਈ ਜਾਂਦੀ ਹੈ, ਉਹ ਹੀ ਭਰਨੀ ਹੈ। ਭਾਰਤ ਸਰਕਾਰ ਵੱਲੋਂ ਇਸ ਵਿੱਚ ਐਡਮੀਸਨ ਫੀਸ 500/- ਰੁ: ਅਤੇ ਟਿਊਸਨ ਫੀਸ 350/- ਰੁ: ਤੋਂ ਵੱਧ ਨਹੀਂ ਲੈ ਸਕਦੇ।

ਪ੍ਰਸਨ ਨੰ: 9 ਸਕੂਲ ਵਿੱਚ ਵਿਦਿਆਰਥੀਆਂ ਦੇ ਵਜੀਫੇ ਦੀ ਜਿੰਮੇਵਾਰੀ ਕਿਸ ਤੇ ਹੈ?

ਉੱਤਰ ਸਕੂਲ ਵਿੱਚ ਈ-ਪੰਜਾਬ ਪੋਰਟਲ ਲਈ ਦੋ ਹੀ ਅਧਿਆਪਕ ਵਜੀਫੇ ਦੇ ਇੰਚਾਰਜ ਹੋਣਗੇ। ਇੱਕ ਪ੍ਰੀ-ਮੈਟ੍ਰਿਕ ਸਕੀਮਾਂ ਅਤੇ ਇੱਕ ਪੋਸਟ ਮੈਟ੍ਰਿਕ ਸਕੀਮਾਂ ਦੇ, ਪ੍ਰੰਤੂ ਅਸਲ ਜਿੰਮੇਵਾਰੀ ਕਲਾਸ ਇੰਚਾਰਜ ਦੀ ਹੋਵੇਗੀ।

ਪ੍ਰਸਨ ਨੰ:10 ਇੱਕ ਵਿਦਿਆਰਥੀ ਕਿੰਨੀਆਂ ਸਕੀਮਾਂ ਅਧੀਨ ਲਾਭ ਲੈ ਸਕਦਾ ਹੈ?

ਉੱਤਰ ਇੱਕ ਵਿਦਿਆਰਥੀ ਇੱਕ ਸਕੀਮ ਅਧੀਨ ਹੀ ਵਜੀਫਾ ਲੈ ਸਕਦਾ ਹੈ, ਸਿਵਾਏ National Scheme of Incentive to Girls For Secondary Education ਅਤੇ ਹਰਗੋਬਿੰਦ ਖੁਰਾਣਾ ਸਕਾਲਰਸ਼ਿਪ।

ਪ੍ਰਸਨ ਨੰ:11 ਕੀ ਇਹ ਵਜੀਫਾ ਪੰਜਾਬ ਦੇ ਰਹਿਣ ਵਾਲੇ ਵਿਦਿਆਰਥੀਆਂ ਲਈ ਹੀ ਹੈ?

ਉੱਤਰ: ਇਹ ਵਜੀਫਾ ਪੰਜਾਬ ਦੇ ਰਹਿਣ ਵਾਲੇ ਵਿਦਿਆਰਥੀ ਨੂੰ ਹੀ ਮਿਲੇਗਾ।

ਪ੍ਰਸਨ ਨੰ: 12 ਯੂ.ਟੀ/ਕਿਸੇ ਹੋਰ ਰਾਜ ਵਿੱਚ ਪੜ੍ਹ ਰਹੇ ਪੰਜਾਬ ਦੇ ਵਿਦਿਆਰਥੀਆਂ ਨੂੰ ਵਜੀਫਾ ਕਿੱਥੋਂ ਮਿਲੇਗਾ ਜਾਂ ਯੂ.ਟੀ ਦੇ ਵਿਦਿਆਰਥੀ ਜੋ ਕਿ ਪੰਜਾਬ ਵਿੱਚ ਪੜ੍ਹ ਰਹੇ ਹਨ ਉਹ ਵਜੀਫੇ ਲਈ ਅਪਲਾਈ ਕਿੱਥੋਂ ਕਰਨਗੇ?

ਉੱਤਰ ਸਬੰਧਤ ਵਿਦਿਆਰਥੀ ਆਪਣਾ ਵਜੀਫੇ ਸਬੰਧੀ ਕੇਸ ਡੀ.ਪੀ.ਆਈ(ਯੂ.ਟੀ) ਰਾਹੀਂ ਇਸ ਦਫਤਰ ਨੂੰ ਆਪਣੇ ਕਲੇਮ ਮੈਨੂਅਲ ਕੇਸ ਰਾਹੀਂ ਪਹਿਲਾਂ ਦੀ ਤਰ੍ਹਾਂ ਹੀ ਭੇਜਣਗੇ ਅਤੇ ਵੱਖ ਵੱਖ ਰਾਜਾ ਵਿੱਚ ਪੜ੍ਹਦੇ ਹਨ ਵਿਦਿਆਰਥੀਆਂ ਦੇ ਕਲੇਮ ਮੈਨੂਅਲ ਭੇਜੇ ਜਾਣ।

ਪ੍ਰਸਨ ਨੰ: 13 ਜੇਕਰ ਸਕੂਲ ਤੋਂ ਵਜੀਫਾ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਹ ਗਲਤੀ ਨੂੰ ਸਹੀ ਕਿਵੇਂ ਕਰਵਾਏਗਾ?

ਉੱਤਰ: ਕਿਉਂਜੋ ਸਕੂਲ ਵੱਲੋਂ ਪੋਰਟਲ ਤੇ ਅਪਲਾਈ ਕਰਨ ਸਮੇਂ ਜੇਕਰ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਸ ਨੂੰ ਠੀਕ ਕਰਨ ਲਈ ਅਪਰੂਵ ਕਰਨ ਤੋਂ ਪਹਿਲਾਂ ਹੇਠ ਲਿਖੇ ਅਨੁਸਾਰ Steps ਹਨ:-

Opt Scholarship    Update Scholarship    Delete Scholarship    Approve Scholarship

Opt ਕਰਨ ਉਪਰੰਤ Update ਸਮੇਂ ਆਪਣੇ ਭੇਜੇ ਡਾਟੇ ਵਿੱਚ change ਕੀਤੀ ਜਾ ਸਕਦੀ ਹੈ, ਕਿਉਂਜੋ ਸਕੂਲ ਦੇ ਡਾਟੇ ਵਿੱਚ ਵਿਦਿਆਰਥੀ ਦਾ ਨਾਂ ਕੱਟ ਜਾਂਦਾ ਹੈ। ਇਸਲਈ ਜੇਕਰ ਇੱਕ ਸਕੀਮ ਤੋਂ ਦੂਜੀ ਸਕੀਮ ਵਿੱਚ ਜਾਣਾ ਹੋਵੇ ਤਾਂ ਵਿਦਿਆਰਥੀ ਨੂੰ ਜਿਸ ਸਕੀਮ ਵਿੱਚੋਂ Delete ਕਰਨਾ ਹੈ, ਉਸ ਵਿੱਚੋਂ ਉਸ ਦਾ ਨਾਂ ਕੱਟ ਕੇ ਤਾਂ ਵਿਦਿਆਰਥੀ ਦਾ ਨਾਂ automatically ਸਕੂਲ ਦੀ ਲਿਸਟ ਵਿੱਚ ਚਲਾ ਜਾਵੇਗਾ , ਫਿਰ ਉਸ ਦਾ ਨਾਂ ਜਿਸ ਵੀ ਸਕੀਮ ਵਿੱਚ ਪਾਣਾ ਹੋਵੇ ਪਾਇਆ ਜਾ ਸਕਦਾ ਹੈ।

ਪ੍ਰਸਨ ਨੰ: 14 ਜੇਕਰ ਕਿਸੇ ਵਿਦਿਆਰਥੀ ਦਾ ਆਮਦਨ ਹੱਦ ਵਾਲਾ ਸਰਟੀਫਿਕੇਟ ਨਹੀਂ ਬਣਿਆ ਤਾਂ ਕਿੱਥੋਂ ਬਣਾਵੇਗਾ?

ਉੱਤਰ: ਸਾਰੀਆਂ ਸਕੀਮਾਂ ਵਿੱਚ ਆਮਦਨ ਹੱਦ ਲਈ ਨੱਥੀ ਪੱਤਰ ਅਨੁਸਾਰ ਸਵੈ-ਘੋਸਨਾ ਦੇਣ ਦਾ ਉਪਬੰਧ ਹੈ। (ਪੱਤਰ ਨੱਥੀ ਹੈ)

ਪ੍ਰਸਨ ਨੰ: 15 ਕੀ ਕੈਟਾਗਰੀ ਦਾ ਸਰਟੀਫਿਕੇਟ ਅਤੇ ਆਮਦਨ ਹੱਦ ਦਾ ਸਰਟੀਫਿਕੇਟ ਸਕੈਨ ਕਰਕੇ ਪਾਉਣੇ ਹਨ?

ਉੱਤਰ: ਇਹ ਲਾਜਮੀ ਨਹੀਂ ਹੈ ਕਿ ਕੈਟਾਗਰੀ ਅਤੇ ਆਮਦਨ ਹੱਦ ਦਾ ਸਰਟੀਫਿਕੇਟ ਸਕੈਨ ਕਰਕੇ ਪਾਉਣੇ ਹਨ, ਪਰ ਇਹ ਸਕੂਲ ਦੇ ਰਿਕਾਰਡ ਵਿੱਚ ਕਲਾਸ ਇੰਚਾਰਜ ਕੋਲ ਹੋਣੇ ਚਾਹੀਦੇ ਹਨ।

ਪ੍ਰਸ਼ਨ ਨੰ:16 ਜੇਕਰ ਸਕੂਲ ਵੱਲੋਂ ਕਿਸੇ ਵਿਦਿਆਰਥੀ ਨੂੰ ਕਿਸੇ ਗਲਤ ਸਕੀਮ ਅਧੀਨ ਗਲਤ ਕੈਟਾਗਰੀ ਵਿੱਚ ਅਪਲਾਈ ਕੀਤਾ ਜਾਂਦਾ ਹੈ ਤਾਂ ਉਸ ਨੂੰ ਕਿਵੇਂ ਠੀਕ ਕਰਨਾ ਹੈ?

ਉੱਤਰ ਕਿਉਂਜੋ ਸਕੂਲ ਵੱਲੋਂ ਪੋਰਟਲ ਤੇ ਅਪਲਾਈ ਕਰਨ ਸਮੇਂ ਜੇਕਰ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਸ ਨੂੰ ਠੀਕ ਕਰਨ ਲਈ ਅਪਰੂਵ ਕਰਨ ਤੋਂ ਪਹਿਲਾਂ ਹੇਠ ਲਿਖੇ ਅਨੁਸਾਰ ਸਟੈਪਸ ਹਨ:-

Opt Scholarship    Update Scholarship    Delete Scholarship    Approve Scholarship

Opt ਕਰਨ ਉਪਰੰਤ Update ਸਮੇਂ ਆਪਣੇ ਭੇਜੇ ਡਾਟੇ ਵਿੱਚ change ਕੀਤੀ ਜਾ ਸਕਦੀ ਹੈ, ਕਿਉਂਜੋ ਸਕੂਲ ਦੇ ਡਾਟੇ ਵਿੱਚ ਵਿਦਿਆਰਥੀ ਦਾ ਨਾਂ ਕੱਟ ਜਾਂਦਾ ਹੈ। ਇਸਲਈ ਜੇਕਰ ਇੱਕ ਸਕੀਮ ਤੋਂ ਦੂਜੀ ਸਕੀਮ ਵਿੱਚ ਜਾਣਾ ਹੋਵੇ ਤਾਂ ਵਿਦਿਆਰਥੀ ਨੂੰ ਜਿਸ ਸਕੀਮ ਵਿੱਚੋਂ ਕੱਟਣਾ ਹੈ, ਉਸ ਵਿੱਚੋਂ ਉਸ ਦਾ ਨਾਂ ਕੱਟ ਕੇ ਤਾਂ ਵਿਦਿਆਰਥੀ ਦਾ ਨਾਂ automatically ਸਕੂਲ ਦੀ ਲਿਸਟ ਵਿੱਚ ਚਲਾ ਜਾਵੇਗਾ , ਫਿਰ ਉਸ ਦਾ ਨਾਂ ਜਿਸ ਵੀ ਸਕੀਮ ਵਿੱਚ ਪਾਣਾ ਹੋਵੇ ਪਾਇਆ ਜਾ ਸਕਦਾ ਹੈ।

ਪ੍ਰਸ਼ਨ ਨੰ:17 ਜੇਕਰ ਕਿਸੇ ਗਲਤ ਸਕੀਮ ਵਿੱਚ ਵਿਦਿਆਰਥੀ ਨੂੰ ਬੈਨੀਫਿਟ ਦੇ ਦਿੱਤਾ ਹੈ ਅਤੇ ਅਪਰੂਵ ਕਰ ਦਿੱਤਾ ਹੋਵੇ, ਤਾਂ ਉਸ ਸਬੰਧੀ ਕੀ ਕਾਰਵਾਈ ਬਣਦੀ ਹੈ?

ਉੱਤਰ: ਜੇਕਰ ਕਿਸੇ ਗਲਤ ਸਕੀਮ ਵਿੱਚ ਵਿਦਿਆਰਥੀ ਨੂੰ ਬੈਨੀਫਿਟ ਦੇ ਦਿੱਤਾ ਹੈ ਅਤੇ ਅਪਰੂਵ ਕਰ ਦਿੱਤਾ ਹੋਵੇ ਤਾਂ ਸਕੂਲ ਮੁੱਖੀ ਤੋਂ ਲਿਖਵਾ ਕੇ ਲਿਆ ਜਾਵੇ ਕਿ ਡਾਟਾ ਗਲਤ ਭਰ ਦਿੱਤਾ ਹੈ, ਜਿਸ ਨੂੰ ਫਿਰ ਤੋਂ ਅਪਡੇਟ ਕਰਨਾ ਹੈ ਤਾਂ ਲਿਖਤੀ ਤੌਰ ਤੇ ਲਿਆ ਜਾਵੇ।

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਅਜੀਤਗੜ੍ਹ

(ਵਜ਼ੀਫਾ ਸ਼ਾਖਾ)

ਸੇਵਾ ਵਿਖੇ,

**ਸਮੂਹ ਮੰਡਲ ਸਿੱਖਿਆ ਅਫਸਰ (ਸੈ.ਸਿ)**
**ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ)**
**ਸਮੂਹ ਪ੍ਰਿੰਸੀਪਲ /ਸਕੂਲ ਮੁੱਖੀ**
**ਮੀਮੋ ਨੰ: 16/25-10-ਵਜ਼ੀਫਾ (6)**
ਮਿਤੀ 9-9-14 ਐਸ.ਏ.ਐਸ.ਨਗਰ।

ਵਿਸ਼ਾ- **ਵੱਖ-ਵੱਖ ਵਜ਼ੀਫਾ ਸਕੀਮਾਂ ਦੀ ਮਾਪਿਆ ਦੀ ਸਾਲਾਨਾ ਆਮਦਨ ਹੱਦ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਰਾਜ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਚਲਾਈਆ ਜਾ ਰਹੀਆਂ ਪਲਾਨ ਅਤੇ ਨਾਨ ਪਲਾਨ ਦੀਆਂ ਸਾਰੀਆਂ ਵਜ਼ੀਫਾ ਸਕੀਮਾਂ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀ/ਲਾਭ ਪਾਤਰੀ ਕਿਸੇ ਨਾ ਕਿਸੇ ਆਮਦਨ ਹੱਦ ਅਧੀਨ ਆਉਂਦੇ ਹਨ ,ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਇਸ ਸਬੰਧ ਵਿਚ ਵਿਦਿਆਰਥੀਆਂ ਦੇ ਮਾਪਿਆਂ ਤੋਂ ਆਮਦਨ ਹੱਦ ਸਬੰਧੀ, ਹਲਫੀਆ ਬਿਆਨ ਮੰਗਿਆ ਜਾ ਰਿਹਾ ਹੈ ਕਿ, ਸਰਕਾਰ ਵੱਲੋਂ ਪਹਿਲਾਂ ਹੀ ਜਾਰੀ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਦੇ ਮਾਪਿਆ ਤੋਂ ਆਮਦਨ ਹੱਦ ਸਬੰਧੀ ਹਲਫੀਆਂ ਬਿਆਨ ਲੈਣ ਦੀ ਬਜਾਏ ਸਵੈ-ਘੋਸ਼ਣਾ ਪੱਤਰ ਲਿਆ ਜਾਵੇ।

ਇਹ ਵੀ ਧਿਆਨ ਵਿੱਚ ਆਇਆ ਹੈ ਕਿ ਸਕੂਲ ਮੁੱਖੀਆ ਵੱਲੋਂ ਹਰ ਸਾਲ ਵਿਦਿਆਰਥੀਆਂ ਤੋਂ ਐਸ.ਸੀ ਸਬੰਧੀ ਸਰਟੀਫਿਕੇਟ ਮੰਗਿਆ ਜਾਂਦਾ ਹੈ । ਜਿਸ ਵਿਦਿਆਰਥੀ ਵੱਲੋਂ ਇੱਕ ਵਾਰ ਸਰਟੀਫਿਕੇਟ ਜਮ੍ਹਾਂ ਕਰਵਾ ਦਿੱਤਾ ਹੋਵੇ, ਉਸ ਪਾਸੋਂ ਅਗਲੇ ਸਾਲ ਇਹ ਸਰਟੀਫਿਕੇਟ ਮੰਗਣ ਦੀ ਉਚਿਤਤਾ ਨਹੀ ਹੈ, ਇਸ ਲਈ ਉਹਨਾਂ ਪਾਸੋਂ ਦੁਬਾਰਾ ਸਰਟੀਫਿਕੇਟ ਦੀ ਮੰਗ ਨਾ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)
ਪੰਜਾਬ।